# ਗਾਰਡੀਅਨਸ਼ਿਪ (ਸਰਪੱਰਸਤੀ)

(ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) 1983 ਦਾ ਸੈਕਸ਼ਨ 7)

| | |
|---|---|
| 1. ਮਰੀਜ਼ ਦਾ ਨਾਂਅ | |
| 2. ਤੁਹਾਡੇ ਗਾਰਡੀਅਨ ਦਾ<br>2.1 ਨਾਂਅ | |
| 2.2 ਪਤਾ | |
| 2.3 ਟੈਲੀਫ਼ੋਨ ਨੰਬਰ | |
| 3. ਤੁਹਾਡੀ ਜ਼ਿੰਮੇਵਾਰ ਸਥਾਨਕ ਸੋਸ਼ਿਲ ਸਰਵਿਸਿਜ਼ ਆਥੋਰਟੀ | |

## ਗਾਰਡੀਅਨਸ਼ਿਪ ਕੀ ਹੈ ?

1983 ਦੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਦੇ ਸੈਕਸ਼ਨ 7 ਤਹਿਤ, ਉਹ ਲੋਕ ਜਿਨ੍ਹਾਂ ਨੂੰ ਕੋਈ ਮਾਨਸਿਕ ਬੀਮਾਰੀ ਜਾਂ ਵਿਕਾਰੀ ਹੈ, ਉਨ੍ਹਾਂ ਦੀ ਸਹਾਇਤਾ ਲਈ ਜੇ ਦੋ ਡਾਕਟਰ ਕਹਿਣ ਕਿ ਉਨ੍ਹਾਂ ਨੂੰ ਜ਼ਰੂਰਤ ਹੈ, ਤਾਂ ਇੱਕ ਗਾਰਡੀਅਨ ਦਿੱਤਾ ਜਾ ਸਕਦਾ ਹੈ।

ਤੁਹਾਡਾ ਗਾਰਡੀਅਨ ਤੁਹਾਡੀ ਸਥਾਨਕ ਸੋਸ਼ਿਲ ਸਰਵਿਸਿਜ਼ ਆਥੋਰਟੀ ਜਾਂ ਕੋਈ ਉਹ ਜਿਸਨੂੰ ਸੋਸ਼ਿਲ ਸਰਵਿਸਿਜ਼ ਆਥੋਰਟੀ ਵਲੋਂ ਮੰਜ਼ੂਰੀ ਦਿੱਤੀ ਗਈ ਹੋਵੇ, ਹੋ ਸਕਦਾ ਹੈ। ਜੇ ਤੁਹਾਡਾ ਗਾਰਡੀਅਨ ਸੋਸ਼ਿਲ ਸਰਵਿਸਿਜ਼ ਆਥੋਰਟੀ ਨਹੀਂ, ਉਨ੍ਹਾਂ ਨੂੰ ਇੱਕ "ਪ੍ਰਾਈਵੇਟ (ਨਿੱਜੀ) ਗਾਰਡੀਅਨ" ਕਹਿੰਦੇ ਹਨ।

ਤੁਹਾਡੇ ਗਾਰਡੀਅਨ ਕੋਲ ਤੁਹਾਨੂੰ ਇਹ ਦੱਸਣ ਲਈ ਕਾਨੂੰਨੀ ਅਧਿਕਾਰ ਹਨ :

- ਤੁਹਾਨੂੰ ਕਿੱਥੇ ਰਹਿਣਾ ਜ਼ਰੂਰੀ ਹੈ
- ਮੈਡੀਕਲ ਇਲਾਜ ਲਈ ਅਪਾਂਇਟਮੈਂਟਾਂ ਲਈ ਜਾਣ ਲਈ, ਕੰਮ, ਸਿਖਿਆ ਜਾਂ ਸਿਖਲਾਈ ਲਈ ਨਿਸਚਿਤ ਥਾਂਵਾਂ ਅਤੇ ਨਿਸਚਿਤ ਕੀਤੇ ਵਕਤ ਤੇ ਪਹੁੰਚਣਾ
- ਇੱਕ ਡਾਕਟਰ ਜਾਂ ਕਿਸੇ ਹੋਰ ਨਾਮਜ਼ਦ ਵਿਅਕਤੀ ਨੂੰ ਤੁਹਾਨੂੰ ਮਿਲਣ ਦੀ ਆਗਿਆ ਦੇਣਾ।

## ਮੈਨੂੰ ਗਾਰਡੀਅਨ ਦੀ ਜ਼ਰੂਰਤ ਕਿਉਂ ਹੈ ?

ਦੋ ਡਾਕਟਰ ਇਹ ਸੋਚਦੇ ਹਨ, ਕਿ ਤੁਹਾਨੂੰ ਮਾਨਸਿਕ **ਵਿ**ਕਾਰ ਹੈ, ਇਸ ਲਈ ਕਮਿਊਨਿਟੀ (ਭਾਈਚਾਰੇ) ਵਿੱਚ ਰਹਿਣ ਲਈ ਤੁਹਾਨੂੰ ਸਹਾਇਤਾ ਦੀ ਜ਼ਰੂਰਤ ਹੈ ਅਤੇ ਤੁਹਾਨੂੰ ਆਪਣੀ ਭਲਾਈ ਜਾਂ ਹੋਰ ਲੋਕਾਂ ਦੀ ਸੁਰੱਖਿਆ ਲਈ ਇੱਕ ਗਾਰਡੀਅਨ ਦੀ ਜ਼ਰੂਰਤ ਹੈ।

## ਇਹ ਕਿੰਨੀ ਦੇਰ ਤਕ ਰਹਿੰਦੀ ਹੈ ?

ਗਾਰਡੀਅਨਸ਼ਿਪ ਪਹਿਲਾਂ ਛੇ ਮਹੀਨੇ ਤਕ ਰਹਿੰਦੀ ਹੈ।

ਤੁਹਾਡੀ ਗਾਰਡੀਅਨਸ਼ਿਪ ਹੋਰ ਛੇ ਮਹੀਨਿਆਂ ਤਕ ਮੁੜ ਕੇ ਸ਼ੁਰੂ ਕੀਤੀ ਜਾ ਸਕਦੀ ਹੈ ਅਤੇ ਜੇ ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਜਾਂ ਤੁਹਾਡਾ ਨਾਮਜ਼ਦ ਮੈਡੀਕਲ ਅਟੈਂਡੈਂਟ (ਦੇਖਭਾਲ ਕਰਨ ਵਾਲਾ) ਇਸਨੂੰ ਜ਼ਰੂਰੀ ਸਮਝੇ ਤਾਂ ਇੱਕ ਵਾਰ ਹੋਰ ਸਾਲ ਲਈ ਵੱਧ ਕੀਤੀ ਜਾ ਸਕਦੀ ਹੈ। ਇਸ ਬਾਰੇ ਉਹ ਤੁਹਾਡੇ ਨਾਲ ਉਹ ਵਕਤ ਨੇੜੇ ਆਉਣ ਤੇ ਗੱਲ ਕਰਨਗੇ।

ਤੁਹਾਡਾ ਜ਼ਿੰਮੇਵਾਰ ਕਲਿੱਨੀਸ਼ੀਅਨ ਉਹ ਡਾਕਟਰ ਜਾਂ ਦੂਜਾ ਨਾਮਜ਼ਦ ਵਿਅਕਤੀ ਹੈ, ਜਿਸਨੂੰ ਸਥਾਨਕ ਸੋਸ਼ਿਲ ਸਰਵਿਸਿਜ਼ ਆਥੇਰਟੀ ਵਲੋਂ ਪੁੱਛਿਆ ਜਾਏਗਾ ਕਿ ਕੀ ਤੁਹਾਨੂੰ ਅਜੇ ਵੀ ਗਾਰਡੀਅਨ ਦੀ ਜ਼ਰੂਰਤ ਹੈ। ਜੇ ਤੁਹਾਡਾ ਇੱਕ ਪ੍ਰਾਈਵੇਟ ਗਾਰਡੀਅਨ ਹੈ, ਤਾਂ ਇਹ ਕੰਮ ਇੱਕ ਡਾਰਟਰ ਵਲੋਂ ਕੀਤਾ ਜਾਏਗਾ, ਜਿਸਨੂੰ ਡਾਕਟਰ ਦੀ ਬਜਾਏ, ਤੁਹਾਡਾ "ਨਾਮਜ਼ਦ ਮੈਡੀਕਲ ਐਂਟਡੈਂਟ" ਕਿਹਾ ਜਾਂਦਾ ਹੈ।

## ਕੀ ਮੈਂ ਅਪੀਲ ਕਰ ਸਕਦਾ / ਸਕਦੀ ਹਾਂ ?

ਜੇ ਤੁਸੀਂ ਗਾਰਡੀਅਨ ਰੱਖਣਾ ਬੰਦ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ ਗਾਰਡੀਅਨ, ਆਪਣੇ ਸੋਸ਼ਿਲ ਵਰਕਰ, ਆਪਣੇ ਜ਼ਿੰਮੇਵਾਰ ਕਲਿੱਨੀਸ਼ੀਅਨ ਜਾਂ ਆਪਣੇ ਨਾਮਜ਼ਦ ਮੈਡੀਕਲ ਅਟੈਂਡੈਂਟ ਨਾਲ ਗੱਲ ਕਰਨੀ ਚਾਹੀਦੀ ਹੈ।

ਤੁਸੀਂ ਸੋਸ਼ਿਲ ਆਥੇਰਟੀ ਨੂੰ ਵੀ ਇਹ ਕਹਿਣ ਲਈ ਲਿਖ ਸਕਦੇ ਹੋ ਕਿ ਤੁਹਾਡੀ ਗਾਰਡੀਅਨਸ਼ਿਪ ਖ਼ਤਮ ਕਰ ਦਿੱਤੀ ਜਾਏ। ਇਹ ਫੈਸਲਾ ਕਰਨ ਤੋਂ ਪਹਿਲਾਂ ਕਿ ਤੁਹਾਨੂੰ ਅਜੇ ਵੀ ਕਿਸੇ ਗਾਰਡੀਅਨ ਦੀ ਜ਼ਰੂਰਤ ਹੈ ਕਿ ਨਹੀਂ, ਸੋਸ਼ਿਲ ਸਰਵਿਸਿਜ਼ ਆਥੇਰਟੀ ਤੋਂ ਕੋਈ ਤੁਹਾਡੇ ਨਾਲ ਗੱਲ ਕਰ ਸਕਦਾ ਹੈ।

ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਸੋਸ਼ਿਲ ਸਰਵਿਸਿਜ਼ ਆਥੇਰਟੀ ਨੂੰ ਲਿਖ ਕੇ ਤੁਹਾਡੀ ਗਾਰਡੀਅਨਸ਼ਿਪ ਖ਼ਤਮ ਕਰ ਸਕਦਾ ਹੈ। ਇਸ ਲੀਫ਼ਲੈਟ ਵਿੱਚ ਇਹ ਵੀ ਸਮਝਾਇਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਕੌਣ ਹੈ।

ਤੁਸੀਂ ਇੱਕ ਟ੍ਰਿਬਿਉਨਲ ਨੂੰ ਵੀ ਇਹ ਕਹਿਣ ਲਈ ਕਹਿ ਸਕਦੇ ਹੋ, ਕਿ ਤੁਹਾਡਾ ਹੁਣ ਕੋਈ ਗਾਰਡੀਅਨ ਨਹੀਂ ਹੋਣਾ ਚਾਹੀਦਾ।

## ਇੱਕ ਟ੍ਰਿਬਿਉਨਲ ਕੀ ਹੈ ਅਤੇ ਇਸ ਵਿੱਚ ਕੀ ਹੁੰਦਾ ਹੈ ?

ਇੱਕ ਟ੍ਰਿਬਿਉਨਲ ਇੱਕ ਸੁਤੰਤਰ ਪੈਨਲ (ਵਿਸ਼ੇਸ਼ ਅਦਾਲਤ) ਹੈ ਜੋ ਇਹ ਫੈਸਲਾ ਕਰ ਸਕਦੀ ਹੈ ਕਿ ਕੀ ਤੁਹਾਨੂੰ ਅਜੇ ਵੀ ਇੱਕ ਗਾਰਡੀਅਨ ਦੀ ਲੋੜ ਹੈ ਕਿ ਨਹੀਂ। ਇਹ ਤੁਹਾਡੇ ਨਾਲ ਅਤੇ ਹਸਪਤਾਲ ਦੇ ਸਟਾਫ਼ ਜੋ ਤੁਹਾਨੂੰ ਜਾਣਦਾ ਹੈ, ਨਾਲ ਇੱਕ ਮੀਟਿੰਗ ਕਰੇਗੀ। ਇਸ ਮੀਟਿੰਗ ਨੂੰ "ਸੁਣਵਾਈ" ਕਿਹਾ ਜਾਂਦਾ ਹੈ। ਜੇ ਤੁਸੀਂ ਚਾਹੁੰਦੇ ਹੋ ਤਾਂ ਕਿਸੇ ਹੋਰ ਨੂੰ ਵੀ ਸੁਣਵਾਈ ਦੌਰਾਨ ਆਪਣੀ ਸਹਾਇਤਾ ਲਈ ਆਉਣ ਲਈ ਕਹਿ ਸਕਦੇ ਹੋ। ਸੁਣਵਾਈ ਤੋਂ ਪਹਿਲਾਂ, ਟ੍ਰਿਬਿਉਨਲ ਦੇ ਮੈਂਬਰ ਤੁਹਾਡੇ ਅਤੇ ਤੁਹਾਡੀ ਗਾਰਡੀਅਨਸ਼ਿਪ ਬਾਰੇ ਰਿਪੋਰਟਾਂ ਪੜ੍ਹਨਗੇ। ਟ੍ਰਿਬਿਉਨਲ ਦਾ ਇੱਕ ਮੈਂਬਰ ਤੁਹਾਡੇ ਕੋਲ ਗੱਲਬਾਤ ਕਰਨ ਲਈ ਵੀ ਆਏਗਾ।

## ਮੈਂ ਟ੍ਰਿਬਿਉਨਲ ਕੋਲ ਕਦੋਂ ਅਰਜ਼ੀ ਦੇ ਸਕਦਾ / ਸਕਦੀ ਹਾਂ ?

ਤੁਸੀਂ ਟ੍ਰਿਬਿਉਨਲ ਕੋਲ ਆਪਣੀ ਗਾਰਡੀਅਨਸ਼ਿਪ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਕਿਸੇ ਸਮੇਂ ਵੀ ਅਰਜ਼ੀ ਦੇ ਸਕਦੇ ਹੋ। ਉਸ ਤੋਂ ਬਾਅਦ ਅਗਲੇ ਛੇ ਮਹੀਨਿਆਂ ਦੌਰਾਨ ਤੁਸੀਂ ਇੱਕ ਵਾਰ ਮੁੜ ਅਰਜ਼ੀ ਦੇ ਸਕਦੇ ਹੋ ਅਤੇ ਇਸਤੋਂ ਬਾਅਦ, ਜਿੰਨੀ ਦੇਰ ਤੁਸੀਂ ਗਾਰਡੀਅਨਸ਼ਿਪ ਤਹਿਤ ਰਹਿੰਦੇ ਹੋ, ਹਰ ਸਾਲ ਸਿਰਫ਼ ਇੱਕ ਵਾਰ ਅਰਜ਼ੀ ਦੇ ਸਕਦੇ ਹੋ।

ਜੇ ਤੁਸੀਂ ਟ੍ਰਿਬਿਉਨਲ ਨੂੰ ਅਰਜ਼ੀ ਦੇਣਾ ਚਾਹੁੰਦੇ ਹੋ ਤਾਂ ਤੁਸੀਂ ਹੇਠਾਂ ਦੱਸੇ ਤੇ ਲਿਖ ਸਕਦੇ ਹੋ :

The Tribunals Service
PO BOX 8793
5th Floor
Leicester
LE1 8BN ਟੈਲੀਫ਼ੋਨ : 0300 123 2201

ਤੁਸੀਂ ਇੱਕ ਵਕੀਲ ਨੂੰ ਤੁਹਾਡੇ ਲਈ ਟ੍ਰਿਬਿਉਨਲ ਨੂੰ ਲਿਖਣ ਲਈ ਅਤੇ ਸੁਣਵਾਈ ਦੌਰਾਨ ਤੁਹਾਡੀ ਸਹਾਇਤਾ ਕਰਨ ਲਈ ਕਹਿ ਸਕਦੇ ਹੋ।
ਤੁਹਾਡੀ ਸੋਸ਼ਿਲ ਸਰਵਿਸਿਜ਼ ਆਥੋਰਟੀ ਅਤੇ ਲਾਅ ਸੁਸਾਇਟੀ ਕੋਲ ਉਨ੍ਹਾਂ ਵਕੀਲਾਂ ਦੀ ਸੂਚੀ ਹੈ ਜੋ ਇਸ ਬਾਰੇ ਵਿਸ਼ੇਸ਼ੱਗ ਹਨ। ਤੁਹਾਨੂੰ ਇਸ ਕੰਮ ਲਈ ਵਕੀਲ ਤੋਂ ਸਹਾਇਤਾ ਲਈ ਕੋਈ ਰਕਮ ਅਦਾ ਨਹੀਂ ਕਰਨੀ ਪਏਗੀ। ਇਹ ਕਾਨੂੰਨੀ ਸਹਾਇਤਾ ਸਕੀਮ (Legal Aid scheme) ਤਹਿਤ ਮੁਫ਼ਤ ਹੈ।

## ਆਪਣੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਨੂੰ ਖ਼ਬਰ ਦੇਣੀ

ਇਸ ਲੀਫ਼ਲੈਟ ਦੀ ਇੱਕ ਕਾਪੀ ਉਸ ਵਿਅਕਤੀ ਨੂੰ ਦਿੱਤੀ ਜਾਏਗੀ, ਜਿਸ ਬਾਰੇ ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਕਹੇਗਾ, ਕਿ ਉਹ ਤੁਹਾਡਾ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਹੈ।

ਮੈਂਟਲ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਵਿੱਚ ਉਨ੍ਹਾਂ ਲੋਕਾਂ ਦੀ ਸੂਚੀ ਹੈ, ਜਿਨ੍ਹਾਂ ਨੂੰ ਰਿਸ਼ਤੇਦਾਰ ਸਮਝਿਆ ਜਾਂਦਾ ਹੈ। ਆਮ ਤੌਰ ਤੇ ਸੂਚੀ ਵਿੱਚ ਸਭ ਤੋਂ ਉੱਪਰ ਉਹ ਵਿਅਕਤੀ ਹੁੰਦਾ ਹੈ, ਜੋ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ। ਤੁਹਾਡੀ ਸੋਸ਼ਿਲ ਸਰਵਿਸਿਜ਼ ਆਥੋਰਟੀ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੀ ਹੈ, ਜਿਸ ਵਿੱਚ ਅਤੇ ਇਹ ਤੁਹਾਡੀ ਦੇਖਭਾਲ ਅਤੇ ਇਲਾਜ ਦੇ ਸੰਬੰਧ ਵਿੱਚ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਦੇ ਕੀ ਅਧਿਕਾਰ ਹਨ, ਬਾਰੇ ਦੱਸਿਆ ਗਿਆ ਹੈ।

ਤੁਹਾਡੇ ਕੇਸ ਵਿੱਚ ਸਾਨੂੰ ਦੱਸਿਆ ਗਿਆ ਹੈ, ਕਿ ਤੁਹਾਡਾ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਹੈ :

| |
|---|
| |

ਜੇ ਤੁਸੀਂ ਨਹੀਂ ਚਾਹੁੰਦੇ, ਕਿ ਇਸ ਵਿਅਕਤੀ ਨੂੰ ਇਸ ਲੀਫ਼ਲੈਟ ਦੀ ਇੱਕ ਕਾਪੀ ਮਿਲੇ ਤਾਂ ਕਿਰਪਾ ਕਰਕੇ ਆਪਣੇ ਗਾਰਡੀਅਨ, ਸੋਸ਼ਿਲ ਵਰਕਰ ਜਾਂ ਉਸ ਵਿਅਕਤੀ ਨੂੰ ਦੱਸੋ, ਜਿਸਨੇ ਤੁਹਾਨੂੰ ਇਹ ਲੀਫ਼ਲੈਟ ਦਿੱਤੀ ਹੈ।

ਜੇ ਤੁਸੀਂ ਸੋਚਦੇ ਹੋ, ਕਿ ਇਹ ਵਿਅਕਤੀ ਤੁਹਾਡੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰ ਵਜੋਂ ਉਚਿਤ ਨਹੀਂ ਤਾਂ ਤੁਸੀਂ ਕਾਉਂਟੀ ਕੋਰਟ ਕੋਲ ਉਸਦੇ ਬਜਾਏ ਕਿਸੇ ਹੋਰ ਵਿਅਕਤੀ ਨੂੰ ਸਭ ਤੋਂ ਵੱਧ ਨਜ਼ਦੀਕੀ ਰਿਸ਼ਤੇਦਾਰ ਮੰਨਣ ਲਈ ਅਰਜ਼ੀ ਦੇ ਸਕਦੇ ਹੋ। ਤੁਹਾਡੀ ਸੋਸ਼ਿਲ ਸਰਵਿਸਿਜ਼ ਆਥੋਰਟੀ ਤੁਹਾਨੂੰ ਇੱਕ ਲੀਫ਼ਲੈਟ ਦੇ ਸਕਦੀ ਹੈ, ਜਿਸ ਵਿੱਚ ਇਹ ਗੱਲ ਖੋਲ੍ਹ ਕੇ ਦੱਸੀ ਗਈ ਹੈ।

## ਪ੍ਰੈਕਟਸ ਦਾ ਜ਼ਾਬਤਾ

ਪ੍ਰੈਕਟਸ ਦਾ ਇੱਕ ਜ਼ਾਬਤਾ ਹੈ, ਜਿਸ ਨਾਲ ਮੈਂਟਰ ਹੈਲਥ ਐਕਟ (ਮਾਨਸਿਕ ਸਿਹਤ ਬਾਰੇ ਕਾਨੂੰਨ) ਅਤੇ ਮਾਨਸਿਕ ਵਿਕਾਰ ਵਾਲੇ ਲੋਕਾਂ ਦੇ ਇਲਾਜ ਕਰਨ ਬਾਰੇ ਹਸਪਤਾਲ ਦੇ ਸਟਾਫ਼ ਨੂੰ ਸਲਾਹ ਦਿੱਤੀ ਜਾਂਦੀ ਹੈ। ਸਟਾਫ਼ ਜਦੋਂ ਤੁਹਾਡੀ ਦੇਖਭਾਲ ਬਾਰੇ ਫੈਸਲੇ ਕਰਦਾ ਹੈ ਤਾਂ ਉਨ੍ਹਾਂ ਨੂੰ ਇਹ ਵੇਖਣਾ ਪੈਂਦਾ ਹੈ, ਕਿ ਜ਼ਾਬਤਾ ਇਸ ਬਾਰੇ ਕੀ ਕਹਿੰਦਾ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਦੀ ਇੱਕ ਕਾਪੀ ਵੇਖ ਸਕਦੇ ਹੋ।

## ਹੋਰ ਵੱਧ ਸਹਾਇਤਾ ਲਈ ਜਾਣਕਾਰੀ

ਜੇ ਤੁਹਾਡੀ ਦੇਖਭਾਲ ਅਤੇ ਇਲਾਜ ਬਾਰੇ ਕੋਈ ਅਜਿਹੀ ਗੱਲ ਹੈ, ਜੋ ਤੁਹਾਨੂੰ ਸਮਝ ਨਹੀਂ ਆ ਰਹੀ ਤਾਂ ਕਿਰਪਾ ਕਰਕੇ ਆਪਣੇ ਗਾਰਡੀਅਨ, ਆਪਣੇ ਸੋਸ਼ਿਲ ਵਰਕਰ ਜਾਂ ਆਪਣੀ ਦੇਖਭਾਲ ਵਿੱਚ ਸ਼ਾਮਿਲ ਕਿਸੇ ਹੋਰ ਨੂੰ ਪੁੱਛੋ। ਜੇ ਇਸ ਲੀਫ਼ਲੈਟ ਵਿੱਚ ਕੁਝ ਅਜਿਹਾ ਹੋਵੇ, ਜੋ ਤੁਹਾਡੀ ਸਮਝ ਵਿੱਚ ਨਹੀਂ ਆ ਰਿਹਾ ਜਾਂ ਤੁਹਾਡੇ ਕੋਈ ਹੋਰ ਸਵਾਲ ਹਨ, ਜਿਨ੍ਹਾਂ ਦੇ ਜਵਾਬ ਇਸ ਲੀਫ਼ਲੈਟ ਵਿੱਚ ਨਹੀਂ ਦਿੱਤੇ ਗਏ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਇਹ ਸਮਝਾਉਣ ਲਈ ਕਹੋ।

ਜੇ ਤੁਹਾਨੂੰ ਲੀਫ਼ਲੈਟ ਦੀ ਇੱਕ ਹੋਰ ਕਾਪੀ ਕਿਸੇ ਹੋਰ ਲਈ ਚਾਹੀਦੀ ਹੋਵੇ, ਤਾਂ ਕਿਰਪਾ ਕਰਕੇ ਕੇ ਉਸ ਲਈ ਕਹੋ।